# ਤੂੰ ਆਪ ਬਜਾਵੇਂ ਢੋਲਕੀ

ਸੌਂਹ ਤੇਰੀ, ਮੇਰਾ ਜੀ ਕਰਦਾ,
ਤੇਰੇ ਚਰਨਾਂ, ਕੋਲ ਬਹਿ ਜਾਵਾਂ* ।
ਤੂੰ ਆਪ, ਵਜਾਵੇਂ ਢੋਲਕੀ,
ਮੈਂ ਤੇਰੀਆਂ, ਭੇਂਟਾ ਗਾਵਾਂ ।
ਤੇਰੇ ਸਾਹਮਣੇ, ਗਾ ਤੇਰੀ ਮਹਿਮਾ,
ਮਨ ਚਾਹਿਆ, ਫ਼ਲ ਪਾਵਾਂ* ।
ਤੂੰ ਆਪ, ਵਜਾਵੇਂ ਢੋਲਕੀ,
ਮੈਂ ਤੇਰੀਆਂ, ਭੇਂਟਾ ਗਾਵਾਂ ॥
ਜੈ ਜੈ ਮਾਂ, ਜੈ ਜੈ ਮਾਂ,
ਜੈ ਜੈ ਮਾਂ, ਜੈ ਜੈ ਮਾਂ ॥

ਤੂੰ ਮਾਲਿਕ, ਸਾਰੀ ਸ੍ਰਿਸ਼ਟੀ ਦੀ ।
ਜਦੋ ਹੱਥ ਮੇਰੇ, ਸਿਰ ਧਰ ਦਏਂਗੀ ।
ਇਸ ਰਾਹ 'ਚ, ਰੁੱਲਦੇ ਕੰਕਰ ਨੂੰ ।
"ਘੜੀਆਂ ਵਿੱਚ, ਹੀਰਾ ਕਰ ਦਏਂਗੀ" ।
ਤੇਰੀ, ਮਸਤੀ ਦੇ ਵਿੱਚ ਮਾਈਏ* ॥,,
ਮੈਂ ਆਪਣਾ ਆਪ ਭੁੱਲ ਜਾਵਾਂ,,,
ਤੂੰ ਆਪ ਵਜਾਵੇਂ ਢੋਲਕੀ,,,,,,,,,,,,,,,,,,F

ਮੈਂ ਤੇਰੀ, ਕ੍ਰਿਪਾ ਦ੍ਰਿਸ਼ਟੀ ਨੂੰ ।
ਝੁੱਕ ਝੁੱਕ ਕੇ, ਮੱਥਾ ਟੇਕਾਂਗਾ ।
ਤੂੰ ਕਿੱਦਾਂ, ਜਗ ਨੂੰ ਤਾਰ ਰਹੀ ।
"ਓਹ ਅੱਖੀਂ, ਨਜ਼ਾਰਾ ਵੇਖਾਂਗਾ" ।
ਕਿਓਂ ਏਹ, ਦੁਨੀਆਂ ਕਹਿ ਰਹੀ ਕਿ* ॥,,
ਮਾਂਵਾਂ ਠੰਡੀਆਂ ਛਾਂਵਾਂ,,,
ਤੂੰ ਆਪ ਵਜਾਵੇਂ ਢੋਲਕੀ,,,,,,,,,,,,,,,,,,F

ਮੈਂ ਕਰਾਂ, ਗੁਜਾਰਿਸ਼ ਦਾਤੀ ਨੂੰ ।
ਤੂੰ ਖ਼ਾਲੀ, ਸਵਾਲੀ ਮੋੜੀ ਨਾ ।
ਕਦਮਾਂ ਤੇ, ਡਿੱਗੇ ਬੱਚਿਆਂ ਦਾ ।
"ਭੁੱਲ ਕੇ ਵੀ, ਦਿਲ ਮਾਂ ਤੋੜੀ ਨਾ" ।
ਸਦਾ ਹੀ, ਆਪਣੇ ਭਗਤਾ ਤੋਂ* ॥,,
ਤੂੰ ਰੱਖੀ ਦੂਰ ਬਲਾਵਾਂ,,,
ਤੂੰ ਆਪ ਵਜਾਵੇਂ ਢੋਲਕੀ,,,,,,,,,,,,,,,,,,F

ਮੈਂ ਤੇਰਾ ਹਾਂ, ਤੂੰ ਮੇਰੀ ਏ ।
ਮੇਰਾ ਹਰ, ਸਾਹ ਏਹ ਕਹਿੰਦਾ ਏ ।
ਮੈਨੂੰ ਹਰ ਪਾਸੇ, ਨਿਰਦੋਸ਼ ਨੀ ਮਾਂ ।
"ਤੇਰਾ ਮੁੱਖੜਾ, ਦਿੱਸਦਾ ਰਹਿੰਦਾ ਏ" ।
ਅੰਗ ਸੰਗ ਮੇਰੇ, ਰਹੀ ਸਦਾ* ॥,,
ਮਾਂ ਮੈਂ ਤੈਥੋਂ ਚਾਹਵਾਂ,,,
ਤੂੰ ਆਪ ਵਜਾਵੇਂ ਢੋਲਕੀ,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27245/title/tu-aap-bajave-dholki

अपने Android मोबाइल पर BhajanGanga App डाउनलोड करें और भजनों का आनंद ले |